بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 30.12.2016

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

**ਨਵੇਂ ਸਾਲ ਦੇ ਅਰੰਭ ਵਿੱਚ ਇਹ ਦੁਆ ਕਰੋ ਕਿ ਰੱਬ ਸਾਡੀਆਂ ਪਿਛੱਲੀਆਂ ਕੁਤਾਹੀਆਂ ਤੇ ਕਮੀਆਂ ਨੂੰ ਮੁਆਫ਼ ਕਰੇ**

**ਅਤੇ ਨਵੇਂ ਸਾਲ ਵਿੱਚ ਸਾਨੂੰ ਵੱਧ ਤੋਂ ਵੱਧ ਪ੍ਰਾਪਤ ਕਰਨ ਦਾ ਸੰਜੋਗ ਪ੍ਰਦਾਨ ਕਰੇ ਅਸੀਂ ਗੁਆਉਣ ਵਾਲੇ ਨ ਹੋਈਏ**

**ਅਤੇ ਅਸੀਂ ਮੋਮਿਨਾਂ ਵਿੱਚ ਸ਼ਾਮਲ ਹੋਈਏ ਜੋ ਰੱਬ ਦੀ ਰਜ਼ਾ ਲਈ ਆਪਣਾ ਸਭ ਕੁਝ ਕੁਰਬਾਨ ਕਰਨ ਲਈ ਤਿਆਰ ਰਹਿੰਦੇ ਹਨ**

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 30 ਦਸੰਬਰ 2016 ਈ. ਨੂੰ ਮਸਜਿਦ ਬੈਤੁਲ ਫ਼ਤੂਹ (ਲੰਦਨ) ਵਿੱਚ ਦਿੱਤਾ ।**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਦੋ ਦਿਨਾਂ ਬਾਦ ਇੰਸ਼ਾਅਲੱਾਹ ਨਵਾਂ ਸਾਲ ਅਰੰਭ ਹੋ ਰਿਹਾ ਹੈ । ਅਸੀਂ ਮੁਸਲਮਾਨ ਤਾਂ 'ਕਮਰੀ' ਸਾਲ ਤੋਂ ਵੀ ਸਾਲ ਅਰੰਭ ਕਰਦੇ ਹਾਂ ਅਤੇ 'ਸ਼ਮਸੀ' ਸਾਲ ਤੋਂ ਵੀ । ਇਹ ਕਮਰੀ ਸਾਲ ਕੇਵਲ ਮੁਸਲਮਾਨਾਂ ਵਿੱਚ ਨਹੀਂ ਹਨ ਸਗੋਂ ਅਨੇਕਾਂ ਹੀ ਜਾਤੀਆਂ ਵਿੱਚ ਪੁਰਾਤਨ ਯੁੱਗ ਵਿੱਚ ਰਿਵਾਜ ਸੀ । ਕਮਰੀ ਸਾਲ ਤੋਂ ਹੀ ਸਾਲ ਅਰੰਭ ਕੀਤਾ ਜਾਂਦਾ ਸੀ । ਚੀਨੀਆਂ ਵਿੱਚ ਵੀ ਹੈ ਅਤੇ ਹਿੰਦੁਆਂ ਵਿੱਚ ਵੀ ਅਤੇ ਹੋਰਨਾ ਜਾਤੀਆਂ ਵਿੱਚ ਵੀ, ਅਨੇਕਾਂ ਹੀ ਧਰਮਾ ਵਿੱਚ ਪਾਇਆ ਜਾਂਦਾ ਹੈ ਅਤੇ ਇਸਲਾਮ ਤੋਂ ਪਹਿਲਾਂ ਅਰਬ ਵਿੱਚ ਵੀ ਦਿਨਾਂ ਦੇ ਹਿਸਾਬ ਲਈ ਕਮਰੀ ਕੈਲੰਡਰ ਪ੍ਰਚਲਿਤ ਸੀ । ਪਰ ਹੁਣ ਦੁਨੀਆ ਵਿੱਚ ਆਮ ਤੋਰ'ਤੇ ਇਹ ਗ੍ਰੇਗੋਰੀਅਨ ਕੈਲੰਡਰ ਪ੍ਰਚਲਿਤ ਹੈ ਅਤੇ ਸਾਰੇ ਇਸ ਨੂੰ ਸਮਝਦੇ ਹਨ । ਇਸ ਲਈ ਹਰ ਕੌਮ ਨੇ ਅਤੇ ਹਰ ਦੇਸ਼ ਨੇ ਇਸ ਕੈਲੰਡਰ ਨੂੰ ਆਪਣੇ ਦਿਨਾਂ ਮਹੀਨਿਆਂ ਦੇ ਹਿਸਾਬ ਨਾਲ ਆਪਣਾ ਲਿਆ ਹੈ, ਇਸੇ ਕਰਕੇ ਦੁਨੀਆਂ ਵਿੱਚ ਹਰ ਸਾਲ ਇਸ ਹਿਸਾਬ ਨਾਲ ਪਹਿਲੀ ਜਨਵਰੀ ਨੂੰ ਨਵੇਂ ਸਾਲ ਦਾ ਅਰੰਭ ਹੁੰਦਾ ਹੈ ਅਤੇ 31 ਦਸੰਬਰ ਨੂੰ ਖ਼ਤਮ ਹੁੰਦਾ ਹੈ । ਬਹਿਰਹਾਲ ਸਾਲ ਆਉਂਦੇ ਹਨ ਬਾਰ੍ਹਾਂ ਮਹੀਨਿ ਬੀਤਦੇ ਹਨ ਅਤੇ ਲੰਘ ਜਾਂਦੇ ਹਨ । ਭਾਵੇਂ ਕਮਰੀ ਮਹੀਨਿ ਦੇ ਸਾਲ ਹੋਣ, ਜਾਂ ਪ੍ਰਚਲਿਤ ਕੈਲੰਡਰ ਦੇ ਸਾਲ ਹੋਣ, ਦੁਨੀਆ ਵਾਲੇ ਦਿਨਾਂ ਮਹੀਨਿਆਂ ਤੇ ਸਾਲਾਂ ਨੂੰ ਸੰਸਾਰਕ ਰੌਲ੍ਹੇ ਰੱਪੇ ਅਤੇ ਹਾ ਹੂ ਤੇ ਦੁਨਆਵੀ ਮੋਹ ਤੇ ਸਕੂਨ ਦੀ ਪ੍ਰਾਪਤੀ ਦੇ ਕੰਮਾ ਵਿੱਚ ਲੰਘਾ ਬੈਠਦੇ ਹਨ । ਭਾਵੇਂ ਉਹ ਮੁਸਲਮਾਨਾਂ ਵਿੱਚੋਂ ਹਨ ਜਾਂ ਗ਼ੈਰ ਮੁਸਮਲਨਾਂ ਵਿੱਚੋਂ ।

ਨਵੇਂ ਸਾਲ ਦੇ ਅਰੰਭ ਵਿਚ ਜੋ ਪਹਿਲੀ ਜਰਵਰੀ ਤੋਂ ਅਰੰਭ ਹੁੰਦਾ ਹੈ ਦੁਨੀਆ ਵਾਲੇ ਕੀ ਕੁਝ ਨਹੀਂ ਕਰਦੇ । ਪਛੱਮੀ ਦੇਸ਼ਾਂ ਵਿੱਚ ਜਾਂ ਵਿਸ਼ੇਸ਼ ਰੂਪ ਵਿੱਚ ਪ੍ਰਗਤੀਸ਼ੀਲ ਦੇਸ਼ਾਂ ਵਿੱਚ ਅਤੇ ਹੋਰਨਾ ਦੂਜਿਆਂ ਦੇਸ਼ਾਂ ਵਿੱਚ ਵੀ 31 ਦਸੰਬਰ ਤੇ ਪਹਿਲੀ ਜਨਵਰੀ ਦੀ ਰਾਤ ਨੂੰ ਕੀ ਕੁਝ ਰੌਲ੍ਹਾ ਰਪੱਾ ਨਹੀਂ ਹੁੰਦਾ । ਅੱਧੀ ਰਾਤ ਤੱਕ ਵਿਸ਼ੇਸ਼ ਰੂਪ ਵਿੱਚ ਜਾਗਿਆ ਜਾਂਦਾ ਹੈ ਸਗੋਂ ਸਾਰੀ ਸਾਰੀ ਰਾਤ ਜਾਗਦੇ ਹਨ ਕੇਵਲ ਰੌਲ੍ਹੇ ਰੱਪੇ ਲਈ, ਸ਼ਰਾਬ ਕਬਾਬ ਲਈ, ਨਾਚ ਗਾਣਿਆਂ ਲਈ, ਸੰਭਵਤਾ ਬੀਤੇ ਸਾਲ ਦਾ ਅੰਤ ਵੀ ਵਿਅਰਥ ਤੇ ਬੇਹੂਦਾ ਗਲੱਾਂ ਨਾਲ ਹੁੰਦਾ ਹੈ ਅਤੇ ਨਵੇਂ ਸਾਲ ਦਾ ਅਰੰਭ ਵੀ ਵਿਅਰਥ ਗੱਲਾਂ ਨਾਲ ਹੁੰਦਾ ਹੈ । ਦੁਨੀਆ ਦੀ ਬਹੁਤਿਆਂ ਦੀ ਧਾਰਮਕ ਅੱਖ ਤਾਂ ਅੰਨ੍ਹੀ ਹੋ ਚੁੱਕੀ ਹੈ ਇਸ ਲਈ ਉਹਨਾਂ ਦੀ ਤਾਂ ਓਥੋਂ ਤੱਕ ਦ੍ਰਿਸ਼ਟੀ ਪਹੁੰਚ ਹੀ ਨਹੀਂ ਸਕਦੀ ਜਿੱਥੇ ਇਕ ਮੋਮਿਨ ਦੀ ਨਜ਼ਰ ਪਹੁੰਚਦੀ ਅਤੇ ਪਹੁੰਚਣੀ ਚਾਹੀਦੀ ਹੈ । ਇਕ ਮੋਮਿਨ ਦੀ ਸ਼ਾਨ ਤਾਂ ਇਹ ਹੈ ਕਿ ਨ ਕੇਵਲ ਵਿਅਰਥ ਗਲੱਾਂ ਤੋਂ ਬਚੇ ਅਤੇ ਉਕਤਾਹਟ ਦਾ ਪ੍ਰਗਟਾਵਾ ਕਰੇ ਸਗੋਂ ਆਪਣਾ ਜਾਇਜ਼ਾ ਲਏ ਅਤੇ ਗ਼ੌਰ ਕਰੇ ਕਿ ਉਸ ਦੇ ਜੀਵਨ ਵਿੱਚ ਇਕ ਸਾਲ ਆਇਆ ਅਤੇ ਲੰਘ ਗਿਆ । ਇਸ ਵਿੱਚ ਉਹ ਸਾਨੂੰ ਕੀ ਦੇ ਗਿਆ ਅਤੇ ਕੀ ਲੈ ਗਿਆ । ਅਸੀਂ ਇਸ ਸਾਲ ਵਿੱਚ ਕੀ ਨਸ਼ਟ ਕੀਤਾ ਤੇ ਕੀ ਪ੍ਰਾਪਤ ਕੀਤਾ । ਕੀ ਇਕ ਮੋਮਿਨ ਨੇ ਸੰਸਾਰਕ ਪੱਖੋਂ ਦੇਖਣਾ ਹੈ ਕਿ ਇਸ ਸਾਲ ਵਿੱਚ ਉਸ ਨੇ ਕੀ ਨਸ਼ਟ ਕੀਤਾ ਤੇ ਕੀ ਪ੍ਰਾਪਤ ਕੀਤਾ । ਉਸ ਦੀ ਦੁਨੀਆਵੀ ਹਾਲਤ ਵਿੱਚ ਕੀ ਬਿਹਤਰੀ ਹੋਈ ਜਾਂ ਧਾਰਮਕ ਪੱਖੋਂ ਅਤੇ ਰੂਹਾਨੀ ਪੱਖੋਂ ਉਸ ਨੇ ਦੇਖਣਾ ਹੈ ਕਿ ਇਸ ਸਾਲ ਵਿੱਚ ਉਸ ਨੇ ਕੀ ਨਸ਼ਟ ਕੀਤਾ ਤੇ ਕੀ ਪ੍ਰਾਪਤ ਕੀਤਾ । ਜੇਕਰ ਧਾਰਮਕ ਤੇ ਆਤਮਕ ਪੱਖੋਂ ਦੇਖਣਾ ਹੈ ਤਾਂ ਕਿਸ ਮਿਆਰ'ਤੇ ਰੱਖ ਕੇ ਦੇਖਣਾ ਹੈ ਤਾਂ ਜੋ ਪਤਾ ਲੱਗੇ ਕਿ ਕੀ ਨਸ਼ਟ ਕੀਤਾ ਤੇ ਕੀ ਪ੍ਰਾਪਤ ਕੀਤਾ ।

ਅਸੀਂ ਅਹਮਦੀ ਖ਼ੁਸ਼ਕਿਸਮਤ ਹਨ ਕਿ ਜਿੰਨ੍ਹਾ ਨੂੰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਮੰਨ੍ਹਣ ਦਾ ਸੰਜੋਗ ਪ੍ਰਾਪਤ ਹੋਇਆ ਹੈ, ਜਿੰਨ੍ਹਾ ਨੇ ਸਾਡੇ ਸਾਹਮਣੇ ਰੱਬ ਅਤੇ ਉਸ ਦੇ ਰਸੂਲ ਦੀ ਸਿੱਖਿਆਵਾਂ ਦਾ ਸਾਰ ਕਢੱਕੇ ਰੱਖ ਦਿਤੱਾ ਅਤੇ ਸਾਨੂੰ ਕਿਹਾ ਕਿ ਤੁਸੀਂ ਇਸ ਮਿਆਰ (ਕਸੌਟੀ) ਨੂੰ ਸਾਹਮਣੇ ਰੱਖੋ ਤਾਂ ਤੁਹਾਨੂੰ ਪਤਾ ਲੱਗੇਗਾ ਕਿ ਤੁਸੀਂ ਆਪਣੇ ਜੀਵਨ ਦੇ ਮੰਤਵ ਨੂੰ ਪੂਰਾ ਕੀਤਾ ਹੈ ਜਾਂ ਪੂਰਾ ਕਰਨ ਦਾ ਜਤਨ ਕੀਤਾ ਹੈ ਜਾਂ ਨਹੀਂ ? ਇਸ ਮਿਆਰ (ਕਸੌਟੀ) ਨੂੰ ਸਾਹਮਣੇ ਰੱਖੋਗੇ ਤਾਂ ਸਹੀ ਮੋਮਿਨ ਬਣ ਸਕਦੇ ਹੋ । ਇਹ ਸ਼ਰਤਾਂ ਹਨ ਇਹਨਾਂ'ਤੇ ਚੱਲੋਗੇ ਤਾਂ ਸਹੀ ਤੌਰ'ਤੇ ਆਪਣੇ ਇਮਾਨ ਨੂੰ ਪਰਖ ਸਕਦੇ ਹੋ । ਹਰ ਅਹਮਦੀ ਤੋਂ ਆਪ ਨੇ ਬੈਅਤ ਦਾ ਪ੍ਰਣ ਲਿਆ ਅਤੇ ਇਸ ਬੈਅਤ ਦੇ ਪ੍ਰਣ ਵਿੱਚ ਬੈਅਤ ਦੀਆਂ ਸ਼ਰਤਾਂ ਸਾਡੇ ਸਾਹਮਣੇ ਰਖੱਕੇ ਇਕ ਫਰੇਮਵਰਕ ਸਾਨੂੰ ਦਿਤੱਾ ਜਿਸ'ਤੇ ਅਮਲ ਕਰਕੇ ਅਤੇ ਉਸ ਅਮਲ (ਕਰਮ) ਦਾ ਪ੍ਰਤੀਦਿਨ, ਸਪਤਾਹਕ, ਮਾਸਕ ਤੇ ਹਰ ਸਾਲ ਇਕ ਜਾਇਜ਼ਾ (ਪੜਤਾਲ) ਲੈਂਣ ਦੀ ਹਰ ਅਹਮਦੀ ਤੋਂ ਇਕ ਉਮੀਦ ਤੇ ਆਸ਼ਾ ਵੀ ਕੀਤੀ ।

ਸੋ, ਅਸੀਂ ਸਾਲ ਦੀ ਅਖ਼ੀਰਲੀ ਰਾਤ ਅਤੇ ਨਵੇਂ ਸਾਲ ਦਾ ਅਰੰਭ ਜਾਇਜ਼ੇ, ਪੜਤਾਲ ਤੇ ਦੁਆ ਨਾਲ ਕਰਾਂਗੇ ਤਾਂ ਆਪਣਾ ਆਉਣ ਵਾਲਾ ਸਮਾਂ ਸੁਆਰਨ ਵਾਲੇ ਹੋਵਾਂਗੇ ਅਤੇ ਜੇਕਰ ਅਸੀਂ ਵੀ ਦਿਖਾਵੇ ਦੀਆਂ ਵਧਾਈਆਂ ਅਤੇ ਸੰਸਾਰਕ ਗਲੱਾਂ ਨਾਲ ਨਵੇਂ ਸਾਲ ਦਾ ਅਰੰਭ ਕਰਾਂਗੇ ਤਾਂ ਅਸੀਂ ਨਸ਼ਟ ਤਾਂ ਬਹੁਤ ਕੁਝ ਕੀਤਾ ਪਰ ਕੁਝ ਵੀ ਪ੍ਰਾਪਤ ਨਹੀਂ ਕੀਤਾ ਜਾਂ ਬਹੁਤ ਥੋੜਾ ਪ੍ਰਾਪਤ ਕੀਤਾ । ਜੇਕਰ ਕਮਜ਼ੋਰੀਆਂ ਰਹਿ ਗਈਆਂ ਅਤੇ ਸਾਡੀ ਪੜਤਾਲ ਸਾਨੂੰ ਤਸੱਲੀ ਨਹੀਂ ਦੇ ਰਹੀ ਤਾਂ ਇਹ ਦੁਆ ਸਾਨੂੰ ਕਰਨੀ ਚਾਹੀਦੀ ਹੈ ਕਿ ਰੱਬ ਕਰੇ ਕਿ ਸਾਡਾ ਆਉਣ ਵਾਲਾ ਸਾਲ ਲੰਘੇ ਸਾਲ ਵਾਂਗ ਆਤਮਕ ਕਮਜ਼ੋਰੀ ਦਿਖਾਉਣ ਵਾਲਾ ਸਾਲ ਨ ਹੋਵੇ ਸਗੋਂ ਸਾਡਾ ਹਰ ਕਦਮ ਰੱਬ ਦੀ ਰਜ਼ਾ ਦੀ ਪ੍ਰਾਪਤੀ ਲਈ ਉਠੱਣ ਵਾਲਾ ਕਦਮ ਹੋਵੇ, ਸਾਡਾ ਹਰ ਦਿਨ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੀਆਂ ਪੈੜਾਂ (ਪਦਚਿੰਨ੍ਹਾ) ਉਪੱਰ ਚਲੱਣ ਵਾਲਾ ਹੋਵੇ । ਸਾਡੇ ਦਿਨ ਤੇ ਰਾਤ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨਾਲ ਕੀਤੇ ਬੈਅਤ ਦੇ ਪ੍ਰਣ ਨੂੰ ਨਿਭਾਉਣ ਵੱਲ ਲੈ ਜਾਣ ਵਾਲੇ ਹੋਣ । ਉਹ ਅਹਿਦ (ਪ੍ਰਣ) ਜੋ ਸਾਨੂੰ ਇਹ ਪ੍ਰਸ਼ਨ ਕਰਦਾ ਹੈ ਕਿ ਕੀ ਅਸੀਂ ਸ਼ਿਰਕ ਨ ਕਰਨ ਦੇ ਅਹਿਦ ਨੂੰ ਪੂਰਾ ਕੀਤਾ । ਬੁਤਾਂ ਤੇ ਸੂਰਜ ਚੰਨ੍ਹ ਨੂੰ ਪੂਜਣ ਦਾ ਸ਼ਿਰਕ ਨਹੀਂ ਹੈ ਸਗੋਂ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਫ਼ਰਮਾਨ ਮੁਜਬ ਉਹ ਸ਼ਿਰਕ ਜੋ

ਕਰਮਾਂ ਵਿੱਚ ਰਿਹਾ ਅਤੇ ਦਿਖਾਵੇ ਦਾ ਸ਼ਿਰਕ ਹੈ ਉਹ ਸ਼ਿਰਕ ਜੋ ਗੁਪਤ ਰੂਪ ਵਿੱਚ ਇਛੱਾਵਾਂ ਵਿੱਚ ਗ੍ਰਿਸਿਆ ਹੋਣ ਦਾ ਸ਼ਿਰਕ ਹੈ । ਕੀ ਸਾਡੀਆਂ ਨਮਾਜ਼ਾਂ, ਸਾਡੇ ਰੋਜ਼ੇ (ਵਰਤ), ਕੀ ਸਾਡੇ ਸਦਕੇ (ਦਾਨ ਪੁੰਨ), ਕੀ ਸਾਡੀਆਂ ਆਰਥਕ ਕੁਰਬਾਨੀਆਂ, ਸਾਡੇ ਕਾਰ ਸੇਵਾ ਦੇ ਕੰਮ ਅਤੇ ਸਾਡਾ ਜਮਾਤ ਦੇ ਕੰਮਾ ਲਈ ਸਮਾਂ ਦੇਣਾ ਰੱਬ ਦੀ ਰਜ਼ਾ ਹਾਸਲ ਕਰਨ ਦੀ ਥਾਂ ਕਿਸੇ ਨੂੰ ਖ਼ੁਸ਼ ਕਰਨਾ ਜਾਂ ਸੰਸਾਰਕ ਦਿਖਾਵੇ ਲਈ ਤਾਂ ਨਹੀਂ ਸੀ । ਸਾਡੇ ਮਨ ਦੀਆਂ ਲੁਕੀਅਂ ਹੋਈਆਂ ਇਛੱਾਵਾਂ ਰੱਬ ਦੇ ਟਾਕਰੇ'ਤੇ ਤਾਂ ਨਹੀਂ ਖਲੋ ਗਈਆਂ ਸਨ ।

ਫਿਰ ਇਸ ਦੇ ਬਾਦ ਇਹ ਪ੍ਰਸ਼ਨ ਹੈ ਕਿ ਸਾਡਾ ਸਾਲ ਝੂਠ ਤੋਂ ਪੂਰਨ ਰੂਪ ਵਿੱਚ ਪਾਕ ਤੇ ਪੂਰੀ ਸਚੱਾਈ ਉਪੱਰ ਕਾਇਮ ਰਹਿੰਦਿਆਂ ਹੋਇਆ ਲੰਘਿਆ ਹੈ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਇਸ ਦਾ ਮਿਆਰ ਇਹ ਨਿਰਧਾਰਤ ਕੀਤਾ ਹੈ ਕਿ ਜੱਦ ਤੱਕ ਮਨੁੱਖ ਉਹਨਾਂ ਭੌਤਕ ਉਦੇਸ਼ਿਆਂ ਤੋਂ ਅੱਡ ਨ ਹੋਵੇ ਜੋ ਸੁਮਾਰਗ ਤੋਂ ਰੋਕ ਦਿੰਦੇ ਹਨ, ਉਸ ਸਮੇਂ ਤੱਕ ਕੋਈ ਵਾਸਤਵਿਕ ਰੂਪ ਵਿੱਚ ਸੁਮਾਰਗੀ ਨਹੀਂ ਰਹਿ ਸਕਦਾ । ਫ਼ਰਮਾਇਆ ਸੱਚ ਬੋਲਣ ਦਾ ਸਭ ਤੋਂ ਭਾਰਾ ਮੌਕਾ ਤੇ ਸਮਾਂ ਉਹੋ ਹੈ ਜਿਸ ਵਿੱਚ ਆਪਣੀ ਜਾਨ ਜਾਂ ਮਾਲ ਜਾਂ ਸਨਮਾਨ ਦਾ ਖ਼ਤਰਾ ਹੋਵੇ ।

ਫਿਰ ਇਹ ਪ੍ਰਸ਼ਨ ਹੈ, ਕੀ ਅਸੀਂ ਆਪਣੇ ਆਪ ਨੂੰ ਅਜਿਹੇ ਪ੍ਰੋਗਰਾਮਾ ਤੋਂ ਬਚਾਈ ਰੱਖਿਆ ਹੈ ਜਿਨ੍ਹੰਾ ਤੋਂ ਗੰਦੇ ਵਿਚਾਰ ਮਨ ਵਿੱਚ ਪੈਦਾ ਹੋ ਸਕਦੇ ਹਨ ਅਰਥਾਤ ਅੱਜ ਕੱਲ ਇਸ ਯੁੱਗ ਵਿੱਚ ਟੀ.ਵੀ. ਤੇ ਇੰਟਰਨੈਟ ਹੈ । ਇਸ'ਤੇ ਅਜਿਹੇ ਪ੍ਰੋਗਰਾਮ ਜੋ ਵਿਚਾਰਾਂ ਦੇ ਗੰਦਾ ਹੋਣ ਦਾ ਸਾਧਨ ਬਣਦੇ ਹਨ, ਉਹਨਾਂ ਤੋਂ ਆਪਣੇ ਆਪ ਨੂੰ ਬਚਾਇਆ । ਜੇਕਰ ਅਸੀਂ ਇਹਨਾਂ ਸਾਧਨਾਂ ਤੋਂ ਗੰਦੀਆਂ ਫਿਲਮਾ ਅਤੇ ਪ੍ਰੋਗਰਾਮ ਦੇਖ ਰਹੇ ਹਾਂ ਤਾਂ ਅਸੀਂ ਬੈਅਤ ਦੇ ਅਹਿਦ ਤੋਂ ਦੂਰ ਹੱਟ ਰਹੇ ਹਨ ਅਤੇ ਸਾਡੀ ਹਾਲਤ ਚਿੰਤਾਜਨਕ ਹੈ ਕਿਉਂਕਿ ਇਹ ਗੱਲਾਂ ਇਕ ਪ੍ਰਕਾਰ ਵਿਭਚਾਰ ਵੱਲ ਲੈ ਜਾਂਦੀਆਂ ਹਨ । ਫਿਰ ਪ੍ਰਸ਼ਨ ਇਹ ਹੈ ਕਿ ਕੀ ਅਸੀਂ ਬਦਨਜ਼ਰੀ ਤੋਂ ਆਪਣੇ ਆਪ ਨੂੰ ਬਚਾਉਣ ਦਾ ਹਰ ਸੰਭਵ ਜਤਨ ਕੀਤਾ ਅਤੇ ਕਰ ਰਹੇ ਹਨ ? ਕਿਉਂਕਿ ਇਹ ਆਦੇਸ਼ ਹਰ ਇਸਤਰੀ ਤੇ ਪੁਰੁਸ਼ ਦੋਹਾਂ ਲਈ ਹੈ, ਕਿਉਂਕਿ ਖੁੱਲੀਆਂ ਨਜ਼ਰਾਂ ਨਾਲ ਦੇਖਣ ਕਰਕੇ ਸੰਭਾਵਨਾਵਾਂ ਪੈਦਾ ਹੋ ਸਕਦੀਆਂ ਹਨ । ਇਸ ਲਈ ਆਪਣੀਆਂ ਨਜ਼ਰਾਂ ਨੀਵੀਆਂ ਰੱਖੋ ਅਤੇ ਗ਼ੱਜ਼ੇ ਬਸਰ (ਅਣਗੌਲ਼ੀ ਦ੍ਰਿਸ਼ਟੀ) ਤੋਂ ਕੰਮ ਲਓ । ਫਿਰ ਪ੍ਰਸ਼ਨ ਇਹ ਹੈ ਕਿ ਕੀ ਅਸੀਂ ਫ਼ਸਾਦ ਤੇ ਝੂਠ ਫੈਲਾਉਣ ਦੀ ਹਰ ਗੱਲ ਤੋਂ ਬਚਣ ਦਾ ਇਸ ਸਾਲ ਜਤਨ ਕੀਤਾ ਹੈ ? ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਮੋਮਿਨ ਨੂੰ ਗਾਲ੍ਹਾਂ ਕਢੱਣੀਆਂ ਜਾਂ ਅਪਮਾਨਤ ਕਰਨਾ ਅਨੈਤਿਕਤਾ ਹੈ । ਸਖ਼ਤੀ ਨਾਲ, ਲੜਈ ਨਾਲ ਜੱਦ ਝਗੜਾ ਹੁੰਦਾ ਹੈ, ਉਸ ਸਮੇਂ ਮਨੁੱਖ ਕਰੜੇ ਸ਼ਬਦ ਵੀ ਕਹਿ ਦਿੰਦਾ ਹੈ ਅਤੇ ਬੁਰੇ ਸ਼ਬਦ ਵੀ ਕਹਿ ਦਿੰਦਾ ਹੈ ਅਤੇ ਇਕ ਮੋਮਿਨ ਦੂਜੇ ਮੋਮਿਨ ਨਾਲ ਜੱਦ ਝਗੜਾ ਕਰ ਰਿਹਾ ਹੁੰਦਾ ਹੈ ਤਾਂ ਇਹ ਅਨੈਤਿਕਤਾ ਹੈ ਸਗੋਂ ਕਿਸੇ ਨਾਲ ਵੀ ਝਗੜਾ ਕਰ ਰਿਹਾ ਹੋਵੇ ਤਾਂ ਇਹ ਅਨੈਤਿਕਤਾ ਹੈ ।

ਫਿਰ ਪ੍ਰਸਨ ਇਹ ਹੈ ਕਿ ਜੋ ਅਸੀਂ ਕਰਨਾ ਹੈ ਆਪਣੇ ਆਪ ਨਾਲ ਕਿ ਕੀ ਅਸੀਂ ਆਪਣੇ ਆਪ ਨੂੰ ਹਰ ਜ਼ੁਲਮ ਤੋਂ ਬਚਾਈ ਰੱਖਿਆ ਹੈ ਅਰਥਾਤ ਜ਼ੁਲਮ ਕਰਨ ਤੋਂ ਬਚਾਈ ਰੱਖਿਆ ਹੈ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਕਿਸੇ ਦੀ ਇਕ ਹੱਥ ਜ਼ਮੀਨ ਵੀ ਦੱਬ ਲੈਂਣਾ ਜਾਂ ਕਿਸੇ ਦਾ ਇਕ ਰੋੜਾ (ਕੰਕਰ) ਵੀ ਗ਼ਲਤ ਤਰੀਕੇ ਨਾਲ ਲੈਂਣਾ ਜ਼ੁਲਮ ਹੈ । ਫਿਰ ਪ੍ਰਸ਼ਨ ਇਹ ਕਰਨਾ ਕਿ ਕੀ ਅਸੀਂ ਹਰ ਪ੍ਰਕਾਰ ਦੀ ਬੇਈਮਾਨੀ ਤੋਂ ਆਪਣੇ ਆਪ ਨੂੰ ਪਾਕ ਰੱਖਿਆ ਹੈ । ਆਪ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਉਸ ਤੋਂ ਵੀ ਬੇਈਮਾਨੀ ਨਹੀਂ ਕਰਨੀ ਜੋ ਤੁਹਾਡੇ ਨਾਲ ਬੇਈਮਾਨੀ ਕਰਦਾ ਹੈ । ਫਿਰ ਅਸੀਂ ਇਹ ਪ੍ਰਸ਼ਨ ਕਰਨਾ ਹੈ ਕਿ ਕੀ ਅਸੀਂ ਹਰ ਪ੍ਰਕਾਰ ਦੇ ਫ਼ਸਾਦ ਤੋਂ ਬਚਣ ਦਾ ਜਤਨ ਕੀਤਾ ਹੈ । ਫਿਰ ਇਹ ਪ੍ਰਸ਼ਨ ਹੈ ਕਿ ਕੀ ਅਸੀਂ ਹਰ ਪ੍ਰਕਾਰ ਦੇ ਬਾਗ਼ੀ ਵਿਚਾਰਾਂ ਤੋਂ ਗੁਰੇਜ਼ ਕਰਨ ਵਾਲੇ ਹਨ ? ਫਿਰ ਇਹ ਪ੍ਰਸ਼ਨ ਕਰਨਾ ਹੈ ਕਿ ਕੀ ਅਸੀਂ ਵਾਸਨਾਤਮਕ ਭਾਵਨਾਵਾਂ ਦੇ ਅਧੀਨ ਤਾਂ ਨਹੀਂ ਹੋ ਜਾਂਦੇ । ਅੱਜ ਕੱਲ ਦੇ ਯੁੱਗ ਵਿੱਚ ਜੱਦ ਕਿ ਹਰ ਪਾਸੇ ਬੇਹਿਯਾਈ ਫੈਲੀ ਹੋਈ ਹੈ, ਉਹਨਾਂ ਵਾਸਨਾਤਮਕ ਭਾਵਨਾਵਾਂ ਤੋਂ ਬਚਾਉਂਣਾ ਵੀ ਇਕ ਸੰਘਰਸ਼ ਹੈ । ਫਿਰ ਪ੍ਰਸ਼ਨ ਇਹ ਹੈ ਕਿ ਕੀ ਅਸੀਂ ਪੰਜ ਵੇਲੇ ਦਿਆਂ ਨਮਾਜ਼ਾਂ ਦੀ ਪਾਲਣਾ ਕਰਦੇ ਰਹੇ ਹਾਂ । ਸਾਲ ਵਿੱਚ ਬਕਾਇਦਗੀ ਨਾਲ ਪੜ੍ਹਦੇ ਰਹੇ ਹਾਂ ।

ਇਸ ਦੀ ਰੱਬ ਨੇ ਕਈ ਥਾਂ ਕੁਰਆਨ ਕਰੀਮ ਵਿੱਚ ਤਲਕੀਨ ਕੀਤੀ ਹੈ ਅਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਨਮਾਜ਼ ਨੂੰ ਛਡੱਣਾ ਮਨੁੱਖ ਨੂੰ ਸ਼ਿਰਕ (ਅਨੇਕ ਈਸ਼ਵਰ ਵਾਦ)ਅਤੇ ਕੁਫ਼ਰ ਦੇ ਨੇੜੇ ਕਰ ਦਿੰਦਾ ਹੈ । ਫਿਰ ਅਸੀਂ ਇਹ ਪ੍ਰਸ਼ਨ ਕਰਨਾ ਹੈ ਕਿ ਨਮਾਜ ਤਹਜੁੱਦ ਪੜ੍ਹਨ ਵੱਲ ਸਾਡਾ ਧਿਆਨ ਰਿਹਾ ਹੈ ਕਿ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦਾ ਇਸ ਬਾਰੇ ਫ਼ਰਮਾਨ ਹੈ ਕਿ ਨਮਾਜ਼ ਤਹਜੁੱਦ ਦਾ ਪ੍ਰਾਵਧਾਨ ਕਰੋ ਇਸ ਵਿੱਚ ਨਿਰੰਤਰਤਾ ਬਣਾਈ ਰਖੱਣ ਦਾ ਜਤਨ ਕਰੋ । ਇਹ ਸਾਲਿਹੀਨ (ਨੇਕ) ਲੋਕਾਂ ਦਾ ਢੰਗ ਹੈ ਫ਼ਰਮਾਇਆ ਕਿ ਇਹ ਇਲਾਹੀ ਨੇੜਤਾ ਦਾ ਸਾਧਨ ਹੈ, ਫ਼ਰਮਾਇਆ ਕਿ ਇਸ ਦੀ ਆਦਤ ਪਾਪ ਕਰਨ ਤੋਂ ਰੋਕਦੀ ਹੈ, ਫ਼ਰਮਾਇਆ ਕਿ ਬੁਰਾਈਆਂ ਨੂੰ ਖ਼ਤਮ ਕਰਦੀ ਹੈ ਅਤੇ ਸ਼ਰੀਰਕ ਰੋਗਾਂ ਤੋਂ ਵੀ ਬਚਾਉਂਦੀ ਹੈ । ਫ਼ਿਰ ਅਸੀਂ ਇਹ ਪ੍ਰਸ਼ਨ ਕਰਨਾ ਹੈ ਕਿ ਕੀ ਅਸੀਂ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਉਪੱਰ ਦੁਰੂਦ ਭੇਜਣ ਦਾ ਨਿਰੰਤਰ ਜਤਨ ਕਰਦੇ ਰਹੇ ਹਾਂ ਕਿ ਇਹ ਮੋਮਿਨਾਂ ਨੂੰ ਰੱਬ ਦੇ ਵਿਸ਼ੇਸ਼ ਅਦੇਸ਼ਾਂ ਵਿੱਚੋਂ ਇਕ ਆਦੇਸ਼ ਹੈ ਅਤੇ ਇਹ ਦੁਆਵਾਂ ਦੀ ਪਰਵਾਨਗੀ ਦਾ ਇਕ ਸਾਧਨ ਵੀ ਹੈ । ਫਿਰ ਅਸੀਂ ਇਹ ਪ੍ਰਸ਼ਨ ਕਰਨਾ ਹੈ ਕਿ ਕੀ ਅਸੀਂ ਬਕਾਇਦਗੀ ਨਾਲ ਇਸਤਗ਼ਫ਼ਾਰ ਕਰਦੇ ਰਹੇ ਹਾਂ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਫ਼ਰਮਾਉਂਦੇ ਹਨ ਕਿ ਜੋ ਮਨੁੱਖ ਇਸਤਗ਼ਫ਼ਾਰ ਨਾਲ ਜੁੜਿਆ ਰਹਿੰਦਾ ਹੈ ਰੱਬ ਉਸ ਲਈ ਹਰ ਤੰਗੀ ਵਿੱਚੋਂ ਨਿਕਲਣ ਦਾ ਮਾਰਗ ਬਣਾ ਦਿੰਦਾ ਹੈ ਹਰ ਔਕੜ ਵਿੱਚੋਂ ਸੌਖੇ ਮਾਰਗ ਪੈਦਾ ਕਰ ਦਿੰਦਾ ਹੈ ਅਤੇ ਉਸ ਨੂੰ ਉਹਨਾਂ ਮਾਰਗਾਂ ਤੋਂ ਰਿਜ਼ਕ (ਰੋਜ਼ੀ) ਦਿੰਦਾ ਹੈ ਜਿਸ ਦੀ ਉਹ ਕਲਪਨਾ ਵੀ ਨਹੀਂ ਕਰ ਸਕਦੇ । ਫਿਰ ਪਸ਼ਨ ਇਹ ਹੈ ਕਿ ਕੀ ਰੱਬ ਦੀ ਹਮਦ (ਉਸਤਤੀ) ਕਰਨ ਵੱਲ ਸਾਡਾ ਧਿਆਨ ਰਿਹਾ ਕਿ ਹਜ਼ਰਤ ਮਹਮੱਦ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਰੱਬ ਦੀ ਉਸਤਤੀ ਤੋਂ ਬਿਨਾ ਅਰੰਭ ਕੀਤਾ ਜਾਣ ਵਾਲਾ ਕੰਮ ਅਧੂਰਾ ਰਹਿੰਦਾ ਹੈ ਬੇਬਰਕਤਾ ਹੁੰਦਾ ਹੈ, ਪ੍ਰਭਾਵਹੀਨ ਹੁੰਦਾ ਹੈ । ਫਿਰ ਪ੍ਰਸ਼ਨ ਇਹ ਹੈ ਕਿ ਕੀ ਅਸੀਂ ਆਪਣਿਆਂ ਤੇ ਗੈਰਾਂ ਸਾਰਿਆਂ ਨੂੰ ਕਿਸੇ ਵੀ ਪ੍ਰਕਾਰ ਦੇ ਕਸ਼ਟ ਪਹੁੰਚਾਉਣ ਤੋਂ ਗੁਰੇਜ਼ ਕਰਦੇ ਰਹੇ ਹਾਂ, ਕੀ ਸਾਡੇ ਹੱਥ ਤੇ ਸਾਡੇ ਬੋਲ ਦੂਜਿਆਂ ਨੂੰ ਕਸ਼ਟ ਪਹੁੰਚਾਉਂਣ ਤੋਂ ਬਚੇ ਰਹੇ ਹਨ । ਕੀ ਅਸੀਂ ਖਿਮਾ ਤੇ ਦਰਗੁਜ਼ਰ ਤੋਂ ਕੰਮ ਲੈਂਦੇ ਰਹੇ ਹਾਂ । ਕੀ ਆਜਜ਼ੀ ਤੇ ਵਿਨਮ੍ਰਤਾ ਸਾਡੀ ਪ੍ਰਮੁਖੱਤਾ ਰਹੀ ਹੈ । ਕੀ ਖ਼ੁਸ਼ੀ, ਗ਼ਮੀ, ਤੰਗੀ ਤੇ ਸੌਖੇ ਸਮੇਂ ਹਰ ਅਵਸਥਾ ਵਿੱਚ ਅਸੀਂ ਰੱਬ ਨਾਲ ਵਫ਼ਾਦਾਰੀ ਦਾ ਸੰਬੰਧ ਰਖੱਦੇ ਰਹੇ ਹਾਂ ਕਦੇ ਕੋਈ ਰੱਬ ਨਾਲ ਸ਼ਿਕਵਾ ਸ਼ਿਕਾਇਤ ਤਾਂ ਨਹੀਂ ਪੈਦਾ ਹੋਈ ਕਿ ਮੇਰੀਆਂ ਦੁਆਵਾਂ ਪਰਵਾਨ ਕਿਉਂ ਨਹੀਂ ਕੀਤੀਆਂ ਗਈਆਂ ਜਾਂ ਮੈਂਨੂੰ ਇਸ ਕਸ਼ਟ ਵਿੱਚ ਕਿਉਂ ਗ੍ਰਿਸਿਆ ਗਿਆ ਹੈ । ਫਿਰ ਪ੍ਰਸ਼ਨ ਇਹ ਹੈ ਕਿ ਹਰ ਪ੍ਰਕਾਰ ਦੀਆਂ ਰੀਤੀਆਂ ਅਤੇ ਵਾਸਨਾਤਮਕ ਗਲੱਾਂ ਤੋਂ ਅਸੀਂ ਬਚਣ ਦਾ ਜਤਨ ਕੀਤਾ ਹੈ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਇਹ ਕੁਰੀਤੀਆਂ ਤੇ ਬਿਦੱਤਾਂ ਤੁਹਾਨੂੰ ਗੁੰਮਰਾਹੀ ਵੱਲ ਲੈ ਜਾਂਦੀਆਂ ਹਨ ਇਹਨਾਂ ਤੋਂ ਬਚੋ । ਫਿਰ ਪ੍ਰਸ਼ਨ ਇਹ ਹੈ ਕਿ ਕੀ ਹੰਕਾਰ ਤੇ ਅਭਿਮਾਨ ਨੂੰ ਅਸੀਂ ਪੂਰਨ ਰੂਪ ਵਿੱਚ ਤਿਆਗ ਦਿਤੱਾ ਹੈ ਜਾਂ ਉਸ ਨੂੰ ਛਡੱਣ ਲਈ ਜਤਨ ਕੀਤਾ ਹੈ ਕਿ ਸ਼ਿਰਕ ਦੇ ਬਾਦ ਸਭ ਤੋਂ ਵੱਡੀ ਬਲਾ ਹੰਕਾਰ ਤੇ ਅਭਿਮਾਨ ਹੈ । ਫਿਰ ਪ੍ਰਸ਼ਨ ਇਹ ਹੈ ਕਿ ਕੀ ਅਸੀਂ ਖ਼ੁਸ਼ਖ਼ਲਕੀ (ਚੰਗੇ ਸੁਭਾਵਕ ਢੰਗ) ਦੇ ਉਚੱਤਮ ਮਿਆਰਾਂ ਨੂੰ ਪ੍ਰਾਪਤ ਕਰਨ ਦਾ ਜਤਨ ਕੀਤਾ ਹੈ ਕੀ ਅਸੀਂ ਹਲੀਮੀ, ਮਿਸਕੀਨੀ ਤੇ ਵਿਨਮ੍ਰਤਾ ਨੂੰ ਅਪਨਾਉਣ ਦਾ ਜਤਨ ਕੀਤਾ ਹੈ । ਫਿਰ ਪ੍ਰਸ਼ਨ ਇਹ ਹੈ ਕਿ ਕੀ ਪ੍ਰਤੀਦਿਨ ਸਾਡੇ ਅੰਦਰ ਧਰਮ ਵਿੱਚ ਅੱਗੇ ਵਧੱਣ ਅਤੇ ਉਸਦਾ ਸਨਮਾਨ ਬਣਾਈ ਰਖੱਣ ਵਾਲਾ ਬਣਦਾ ਰਿਹਾ ਹੈ, ਧਰਮ ਨੂੰ ਦੁਨੀਆ ਉਪੱਰ ਪਹਿਲ ਦੇਣ ਦਾ ਜੋ ਅਹਿਦ ਅਸੀਂ ਅਧਿਕਤਰ ਦਹੁਰਾਉਂਦੇ ਹਾਂ ਕੇਵਲ ਖੋਖਲਾ ਅਹਿਦ ਤਾਂ ਨਹੀਂ ਰਿਹਾ । ਫਿਰ ਪ੍ਰਸ਼ਨ ਇਹ ਹੈ ਕਿ ਕੀ ਇਸਲਾਮ ਦੇ ਪ੍ਰੇਮ ਵਿੱਚ ਇਸ ਹੱਦ ਤੱਕ ਵਧੱਣ ਦਾ ਜਤਨ ਕੀਤਾ ਹੈ ਕਿ ਆਪਣੇ ਧੰਨ ਉਪੱਰ ਉਸ ਨੂੰ ਪਹਿਲ ਦਿੱਤੀ ਅਤੇ ਆਪਣੇ ਸਨਮਾਨ ਉਪੱਰ ਉਪੱਰ ਉਸ ਨੂੰ ਪਹਿਲ ਦਿੱਤੀ ਆਪਣੀ ਸੰਤਾਨ ਤੋਂ ਵੱਧ ਉਸ ਨੂੰ ਪਿਆਰਾ ਸਮਝਿਆ । ਫ਼ਿਰ ਅਸੀਂ ਇਹ ਪ੍ਰਸ਼ਨ ਕਰਨਾ ਹੈ ਕਿ ਕੀ ਅਸੀਂ ਰੱਬ ਦੀ ਮਖ਼ਲੂਕ ਨਾਲ ਹਮਦਰਦੀ ਵਿੱਚ ਅੱਗੇ ਵਧੱਣ ਦਾ ਜਤਨ ਕਰਨ ਵਾਲੇ ਹਨ ਜਾਂ ਕਰਦੇ ਰਹੇ ਹਨ । ਫਿਰ ਇਹ ਪ੍ਰਸ਼ਨ ਹੈ ਕਿ ਆਪਣੀਆਂ ਸਾਰੀਆਂ ਸਮਰਥਾਵਾਂ ਨਾਲ ਰੱਬ ਦੀ ਮਖ਼ਲੂਕ ਨੂੰ ਲਾਭ ਪਹੁੰਚਾਉਣ ਦਾ ਜਤਨ ਕਰਦੇ ਰਹੇ ਹਾਂ । ਫਿਰ ਪ੍ਰਸ਼ਨ ਇਹ ਹੈ ਕਿ ਕੀ ਇਹ ਦੁਆ ਕਰਦੇ ਰਹੇ ਅਤੇ ਆਪਣਿਆਂ ਬੱਚਿਆਂ ਨੂੰ ਨਸੀਹਤ ਕਰਦੇ ਰਹੇ ਕਿ ਹਜ਼ਰਤ

ਮਸੀਹ ਮੌਊਦ ਅਲੈਹਿ ਸਲਾਮ ਦੀ ਅਗਿਆਕਾਰੀ ਦੇ ਮਿਆਰ ਸਾਡੇ ਵਿੱਚ ਹਰ ਮਮੇਂ ਕਾਇਮ ਰਹਿਣ, ਅਸੀਂ ਹਮੇਸ਼ਾ ਉਚੱਤਮ ਮਿਆਰਾਂ ਅਨੁਸਾਰ ਆਪਦੀ ਤਾਬਿਆਦਾਰੀ ਕਰਦੇ ਰਹੀਏ ਅਤੇ ਇਸ ਵਿੱਚ ਅੱਗੇ ਵਧੱਦੇ ਰਹੀਏ । ਫਿਰ ਪ੍ਰਸ਼ਨ ਇਹ ਹੈ ਕਿ ਕੀ ਪਿਆਰ ਦਾ ਸੰਬੰਧ ਤੇ ਅਗਿਆਕਾਰੀ ਨੂੰ ਅਸੀਂ ਇਸ ਹੱਦ ਤੱਕ ਵਧਾਇਆ ਹੈ ਕਿ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨਾਲ ਬਾਕੀ ਦੁਨੀਆ ਦੇ ਸਾਰੇ ਰਿਸ਼ਤੇ ਨੀਵੇਂ ਹੋ ਜਾਣ, ਸਧਾਰਣ ਸਮਝੇ ਜਾਣ ਲਗੱਣ । ਫਿਰ ਪ੍ਰਸ਼ਨ ਇਹ ਹੈ ਕਿ ਕੀ ਅਸੀਂ ਸਾਰਾ ਸਾਲ ਖ਼ਿਲਾਫ਼ਤੇ ਅਹਮਦੀਆ ਨਾਲ ਵਫ਼ਾਦਾਰੀ ਤੇ ਅਗਿਆਕਾਰੀ ਦੇ ਸੰਬੰਧ ਵਿੱਚ ਕਾਇਮ ਰਹਿਣ ਤੇ ਅੱਗੇ ਵਧੱਣ ਲਈ ਦੁਆ ਕਰਦੇ ਰਹੇ, ਕੀ ਆਪਣਿਆਂ ਬੱਚਿਆਂ ਨੂੰ ਖ਼ਿਲਾਫ਼ਤੇ ਅਹਮਦੀਆਂ ਨਾਲ ਸਲੰਗਤ ਰਹਿਣ ਤੇ ਵਫ਼ਾਦਾਰੀ ਦਾ ਸੰਬੰਧ ਬਣਾਈ ਰਖੱਣ ਵੱਲ ਧਿਆਨ ਦੁਆਉਂਦੇ ਰਹੇ ਅਤੇ ਇਸ ਸੰਬੰਧੀ ਦੁਆ ਕਰਦੇ ਰਹੇ ਕਿ ਉਹਨਾਂ ਵਿੱਚ ਧਿਆਨ ਪੈਦਾ ਹੋਵੇ । ਫਿਰ ਪ੍ਰਸ਼ਨ ਇਹ ਹੈ ਕਿ ਕੀ ਸਮੇਂ ਦੇ ਖ਼ਲੀਫ਼ਾ ਤੇ ਜਮਾਤ ਲਈ ਬਕਾਇਦਗੀ ਨਾਲ ਦੁਆ ਕਰਦੇ ਰਹੇ ।

ਜੇਕਰ ਬਹੁਤੇ ਪ੍ਰਸ਼ਨਾ ਦਾ ਉਤੱਰ ਹਾਂ ਪੱਖੀ ਦੇ ਉਤੱਰ ਵਿੱਚ ਸਾਰਾ ਸਾਲ ਲੰਘਿਆ ਹੈ ਤਾਂ ਕੁਝ ਕਮਜ਼ੋਰੀਆਂ ਰਹਿ ਜਾਣ ਦੇ ਬਾਦ ਵੀ ਅਸੀਂ ਬਹੁਤ ਕੁਝ ਹਾਸਲ ਕੀਤਾ ਹੈ । ਜੇਕਰ ਬਹੁਤੇ ਉਤੱਰ ਨਾਂਹ ਪੱਖੀ ਵਿੱਚ ਹਨ, ਜਿੰਨ੍ਹੇ ਪ੍ਰਸ਼ਨ ਮੈਂ ਉਠਾਏ ਹਨ ਉਹਨਾਂ ਵਿੱਚੋਂ ਤਾਂ ਫਿਰ ਚਿੰਤਾ ਵਾਲੀ ਗੱਲ ਹੈ ਸਾਨੂੰ ਆਪਣੀਆਂ ਹਾਲਤਾਂ ਉਪੱਰ ਗ਼ੌਰ ਕਰਨਾ ਚਾਹੀਦਾ ਹੈ ਅਤੇ ਇਸ ਦਾ ਸੁਧਾਰ ਇਸੇ ਪ੍ਰਕਾਰ ਹੋ ਸਕਦਾ ਹੈ ਕਿ ਅਸੀਂ ਰਾਤਾਂ ਨੂੰ ਜਾਗ ਕੇ ਇਹ ਦੁਆ ਕਰੀਏ, ਅੱਜ ਦੀ ਰਾਤ ਵੀ ਹੈ ਅਤੇ ਕਲ ਅਖੀਰਲੀ ਰਾਤ ਹੈ ਅਤੇ ਪਕੱਾ ਨਿਸ਼ਚਾ ਕਰੀਏ ਅਤੇ ਇਕ ਪ੍ਰਣ ਕਰੀਏ ਅਤੇ ਵਿਸ਼ੇਸ਼ ਰੂਪ ਵਿੱਚ ਨਵੇਂ ਸਾਲ ਦੇ ਅਰੰਭ ਵਿੱਚ ਇਹ ਦੁਆ ਕਰਨੀ ਚਾਹੀਦੀ ਹੈ ਕਿ ਅਲੱਾਹ ਤਆਲਾ ਸਾਡੀਆਂ ਪਿਛੱਲੀਆਂ ਕੁਤਾਹੀਆਂ ਅਤੇ ਕਮੀਆਂ ਨੂੰ ਮੁਆਫ਼ ਕਰੇ ਅਤੇ ਨਵੇਂ ਸਾਲ ਵਿੱਚ ਸਾਨੂੰ ਵੱਧ ਤੋਂ ਵੱਧ ਹਾਸਲ ਕਰਨ ਦਾ ਸੰਜੋਗ ਪ੍ਰਦਾਨ ਕਰੇ, ਅਸੀਂ ਗੁਆਉਣ ਵਾਲੇ ਨ ਹੋਈਏ ਅਤੇ ਅਸੀਂ ਉਹਨਾਂ ਮੋਮਿਨਾਂ ਵਿੱਚ ਸ਼ਾਮਲ ਹੋਈਏ ਜੋ ਰੱਬ ਦੀ ਰਜ਼ਾ ਖ਼ਾਤਰ ਆਪਣਾ ਸਭ ਕੁਝ ਕੁਰਬਾਨ ਕਰਨ ਲਈ ਤਿਆਰ ਰਹਿੰਦੇ ਹਨ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਇਕ ਲੇਖਣੀ ਪੇਸ਼ ਕਰਦਾ ਹਾਂ ਜਿਸ ਵਿੱਚ ਆਪਜੀ ਨੇ ਆਪਣੀ ਜਮਾਤ ਨੂੰ ਨਸੀਹਤਾਂ ਕੀਤੀਆਂ ਅਤੇ ਇਸ ਇਸ਼ਤਿਹਾਰ ਦੇ ਰੂਪ ਵਿੱਚ ਉਸ ਨੂੰ ਪ੍ਰਕਾਸ਼ਤ ਕੀਤਾ ਸੀ । ਆਪ ਨੇ ਫ਼ਰਮਾਇਆ ਕਿ ਮੇਰੀ ਸਾਰੀ ਜਮਾਤ ਜੋ ਇਸ ਥਾਂ ਹਾਜ਼ਰ ਹੈ ਜਾਂ ਆਪਣੇ ਖੇਤਰਾਂ ਵਿੱਚ ਵਸੱਦੇ ਹਨ ਇਸ ਵਸੀਯੱਤ ਨੂੰ ਧਿਆਨ ਨਾਲ ਸੁਨਣ ਕਿ ਉਹ ਜੋ ਇਸ ਜਮਾਤ ਵਿੱਚ ਦਾਖ਼ਲ ਹੋਕੇ ਮੇਰੇ ਨਾਲ ਆਸਥਾ ਦਾ ਸੰਬੰਧਤ ਤੇ ਮੁਰੀਦੀ ਦਾ ਸੰਬੰਧ ਰਖੱਦੇ ਹਨ, ਇਸ ਦਾ ਉਦੇਸ਼ ਇਹ ਹੈ ਕਿ ਉਹ ਨੇਕ ਚਲਨੀ ਅਤੇ ਨੇਕ ਬਖ਼ਤੀ ਅਤੇ ਤਕਵਾ (ਸੰਜਮਤਾ) ਦੇ ਉਚੱਤਮ ਦਰਜੇ ਤੱਕ ਪਹੁੰਚ ਜਾਣ ਅਤੇ ਕੋਈ ਫ਼ਸਾਦ, ਕੋਈ ਸ਼ਰਾਰਤ ਅਤੇ ਬਦਚਲਨੀ ਉਹਨਾਂ ਦੇ ਨੇੜੇ ਨ ਆ ਸਕੇ । ਉਹ ਪੰਜ ਵੇਲੇ ਦੀਆਂ ਨਮਾਜ਼ਾਂ ਦੇ ਪਾਬੰਦ ਹੋਣ, ਉਹ ਝੂਠ ਨ ਬੋਲਣ, ਉਹ ਕਿਸੇ ਨੂੰ ਮੂੰਹੋਂ ਕਸ਼ਟ ਨ ਦੇਣ, ਉਹ ਕਿਸੇ ਪ੍ਰਕਾਰ ਦੀ ਬਦਕਾਰੀ ਦੇ ਪਾਤਰ ਨਾ ਹੋਣ ਅਤੇ ਕਿਸੇ ਪ੍ਰਕਾਰ ਦੀ ਸ਼ਰਾਰਤ, ਜ਼ੁਲਮ, ਫ਼ਸਾਦ ਤੇ ਫਿਤਨਿਆਂ ਦਾ ਵਿਚਰ ਵੀ ਉਹਨਾਂ ਦੇ ਮਨ ਵਿੱਚ ਨ ਆਏ, ਭਾਵ ਹਰ ਪ੍ਰਕਾਰ ਦੇ ਪਾਪ ਅਤੇ ਜੁਰਮ, ਕਹਿਣੀ, ਕਰਨੀ ਤੇ ਸਾਰੀਆਂ ਵਾਸਨਾਤਮਕ ਭਾਵਨਾਵਾ ਤੇ ਅਜਾਈਂ ਹਰਕਤਾਂ ਤੋਂ ਬਚਦੇ ਰਹਿਣ । ਹਰ ਪ੍ਰਕਾਰ ਦੇ ਪਾਪਾਂ ਤੋਂ ਆਪਣੇ ਆਪ ਨੂੰ ਬਚਾਕੇ ਰਖੱਣ ਅਤੇ ਫ਼ਰਮਾਇਆ ਕਿ ਅਜਾਈਂ ਹਰਕਤਾਂ ਤੋਂ ਬਚੱਦੇ ਰਹਿਣ ਅਤੇ ਰੱਬ ਦੇ ਪਾਕ ਦਿਲ, ਬੁਰਾਈ ਰਹਿਤ ਤੇ ਗ਼ਰੀਬ ਨਿਵਾਜ਼ ਬੰਦੇ ਬਣ ਜਾਣ ਅਤੇ ਕੋਈ ਵਿਸ਼ੈਲਾ ਅੰਸ਼ ਉਹਨਾਂ ਵਿੱਚ ਨ ਰਹੇ । ਫ਼ਰਮਾਉਂਦੇ ਹਨ ਕਿ ਸਾਰੀ ਮਾਨਵਤਾ ਦੀ ਹਮਦਰਦੀ ਉਹਨਾਂ ਦਾ ਉਸੂਲ ਹੋਵੇ । ਕੇਵਲ ਮੋਮਿਨ ਮੋਮਿਨ ਦੀ ਹਮਦਰਦੀ ਨ ਕਰੇ ਸਗੋਂ ਸਾਰੀ ਮਾਨਵਤਾ ਦੀ ਹਮਦਰਦੀ ਉਹਨਾਂ ਦਾ ਨਿਯਮ ਹੋਵੇ ਅਤੇ ਰੱਬ ਤੋਂ ਡਰਨ ਅਤੇ ਆਪਣੇ ਬੋਲਾਂ ਅਤੇ ਆਪਣੇ ਹੱਥਾਂ ਅਤੇ ਆਪਣੇ ਵਿਚਾਰਾਂ ਨੂੰ ਹਰ ਇਕ ਨਾਪਾਕੀ (ਗੰਦਗੀ) ਤੇ ਫ਼ਸਾਦ ਮਚਾਉਣ ਵਾਲੇ ਢੰਗਾ ਤੇ ਬੇਈਮਾਨੀ ਤੋਂ ਬਚਾਉਣ ਅਤੇ ਪੰਜ ਵੇਲੇ ਦਿਆਂ ਨਮਾਜ਼ਾਂ ਨੂੰ ਅਤਿਅੰਤ ਪ੍ਰਾਵਧਾਨੀ ਨਾਲ ਕਾਇਮ ਕਰਨ ਅਤੇ ਜ਼ੁਲਮ, ਅਤਿਆਚਾਰ, ਗ਼ਬਨ ਕਰਨਾ, ਰਿਸ਼ਵਤ ਖੋਰੀ ਅਤੇ ਹੱਕ ਮਾਰਨੇ ਅਤੇ ਅਜਾਈਂ ਹੀ ਤਰਫ਼ਦਾਰੀ ਕਰਨੀ ਆਦਿ ਤੋਂ ਬਾਜ਼ ਰਹਿਣ ਅਤੇ ਕਿਸੇ ਮਾੜੀ ਸੰਗਤ ਵਿੱਚ

ਨ ਬੈਠਣ । ਜੇਕਰ ਬਾਦ ਵਿੱਚ ਸਾਬਤ ਹੋਵੇ ਕਿ ਇਕ ਵਿਅਕਤੀ ਜੋ ਉਹਨਾਂ ਨਾਲ ਸੰਬੰਧ ਰਖੱਦਾ ਹੈ ਉਹ ਰੱਬ ਦੇ ਆਦੇਸ਼ਾਂ ਦਾ ਪਾਬੰਦ ਨਹੀਂ ਹੈ ਜਾਂ ਹਕੂਕੁਲ ਇਬਾਦ (ਰੱਬ ਦੀ ਮਖ਼ਲੂਕ ਦੇ ਅਧਿਕਾਰਾਂ) ਦੀ ਕੁਝ ਵੀ ਪਰਵਾਹ ਨਹੀਂ ਰਖੱਦਾ ਅਤੇ ਅਤਿਆਚਾਰੀ ਤੇ ਸ਼ਰਾਰਤੀ ਸੁਭਾਵ ਰਖੱਣ ਵਾਲਾ ਤੇ ਬਦਚਲਨ ਵਿਅਕਤੀ ਹੈ ਅਤੇ ਜਾਂ ਇਹ ਕਿ ਜਿਸ ਵਿਅਕਤੀ ਨਾਲ ਤੁਹਾਨੂੰ ਬੈਅਤ ਦਾ ਸੰਬੰਧ ਤੇ ਆਸਥਾ ਹੈ ਉਸ ਬਾਰੇ ਅਜਾਈਂ ਤੇ ਅਕਾਰਣ ਹੀ ਬਦਗੋਈ ਤੇ ਜ਼ੁਬਾਨ ਦਰਾਜ਼ੀ, ਕੁਬੋਲ, ਆਰੋਪ ਤੇ ਝੂਠ ਦੀ ਆਦਤ ਕਰਕੇ ਰੱਬ ਦੇ ਬੰਦਿਆਂ ਨੂੰ ਧੋਖਾ ਦੇਣਾ ਚਾਹੁੰਦਾ ਹੈ ਤਾਂ ਤੁਹਾਡਾ ਕਰਤਵ ਹੋਵੇਗਾ ਕਿ ਉਸ ਬਦੀ ਨੂੰ ਆਪਣੇ ਵਿੱਚੋਂ ਦੂਰ ਕਰੋ ਅਤੇ ਅਜਿਹੇ ਮਨੁੱਖ ਨਾਲ ਪਰਹੇਜ਼ ਕਰੋ, ਜੋ ਕਿ ਖ਼ਤਰਨਾਕ ਹੈ ।

ਫ਼ਰਮਾਇਆ ਮੇਰੀ ਜਮਾਤ ਵਿੱਚੋਂ ਹਰ ਇਕ ਵਿਅਕਤੀ ਉਪੱਰ ਲਾਜ਼ਮ ਹੋਵੇਗਾ ਕਿ ਇਹਨਾਂ ਸਾਰੀਆਂ ਵਸੀਯੱਤਾਂ ਉਪੱਰ ਪਾਬੰਧ ਹੋਣ ਅਤੇ ਚਾਹੀਦਾ ਹੈ ਕਿ ਤੁਹਾਡੀਆਂ ਸਭਾਵਾਂ ਵਿੱਚ ਕੋਈ ਨਾਪਾਕੀ ਅਤੇ ਠੱਠੇ ਅਤੇ ਹਾਸਿਆਂ ਦਾ ਸ਼ੁਗਲਾ ਨ ਹੋਵੇ ਅਤੇ ਨੇਕ ਦਿਲ ਅਤੇ ਪਾਕ ਸੁਭਾਵੀ ਹੋਕੇ ਪਵਿੱਤਰ ਵਿਚਾਰਾਂ ਵਾਲੇ ਬਣਕੇ ਧਰਤੀ ਉਪੱਰ ਚੱਲੋ ।

ਰੱਬ ਕਰੇ ਕਿ ਅਸੀਂ ਹਜ਼ਰਤ ਮਸੀਹ ਮੌਊਦ ਅਲਅਹਿ ਸਲਾਮ ਦੀ ਇਸ ਨਸੀਹਤ ਅਤੇ ਚਿਤਾਵਨੀ ਨੂੰ ਸਾਹਮਣੇ ਰਖੱਦੇ ਹੋਏ ਆਪਣੇ ਜੀਵਨ ਬਤੀਤ ਕਰਨ ਵਾਲੇ ਹੋਈਏ । ਜੋ ਬੈਅਤ ਦਾ ਅਹਦਿ ਅਸੀਂ ਕੀਤਾ ਹੈ, ਉਸ ਨੂੰ ਪੂਰਾ ਕਰਨ ਵਾਲੇ ਹੋਈਏ । ਸਾਡੇ ਜੀਵਨ ਰੱਬ ਦੀ ਰਜ਼ਾ ਪ੍ਰਾਪਤ ਕਰਨ ਖ਼ਾਤਰ ਲੰਘਣ ਵਾਲੇ ਹੋਣ, ਅਸੀਂ ਆਪਣੇ ਜੀਵਨ ਨੂੰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਇਛੱਾ ਅਨੁਸਾਰ ਢਾਲਦਿਆਂ ਹੋਇਆਂ ਆਪਣੇ ਜੀਵਨ ਦਾ ਚੰਗਾ ਆਦਰਸ਼ ਲੋਕਾਂ ਸਾਹਮਣੇ ਪੇਸ਼ ਕਰਨ ਵਾਲੇ ਅਤੇ ਜ਼ਾਹਰ ਕਰਨ ਵਾਲੇ ਹੋਈਏ । ਰੱਬ ਸਾਡੀਆਂ ਕੁਤਾਹੀਆਂ ਉਪੱਰ ਪਰਦੇ ਪਾਉਂਦਿਆਂ ਹੋਇਆਂ ਸਾਨੂੰ ਆਪਣੇ ਉਪਹਾਰਾਂ ਨਾਲ ਨਿਵਾਜ਼ੇ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਜਮਾਤ ਲਈ ਜੋ ਸਫ਼ਲਤਾਵਾਂ ਮੁਕਦੱਰ ਹਨ ਉਹ ਸਾਨੂੰ ਦਿਖਾਏ । ਨਵਾਂ ਚੜ੍ਹਨ ਵਾਲਾ ਸਾਲ ਬਰਕਤਾਂ ਨੂੰ ਲੈਕੇ ਆਏ ਅਤੇ ਦੁਸ਼ਮਣਾ ਦੇ ਮਨਸੂਬੇ ਅਸਫ਼ਲ ਤੇ ਨਾਮੁਰਾਦ ਹੋਣ ਜਿੰਨ੍ਹਾ ਜਮਾਤ ਵਿਰੋਧੀ ਮਨਸੂਬਿਆਂ ਵਿੱਚ ਵਧੱਦੇ ਜਾ ਰਹੇ ਹਨ । ਪਾਕਿਸਤਾਨ ਦੇ ਅਹਮਦੀ ਜੋ ਇਸ ਸਾਲ ਕਾਦੀਆਂ ਜਲਸੇ ਉਪੱਰ ਨਹੀਂ ਜਾ ਸਕੇ ਅਤੇ ਇਸ ਦਾ ਉਹਨਾਂ ਨੂੰ ਬਹੁਤ ਦੁੱਖ ਵੀ ਹੈ, ਰੱਬ ਉਹਨਾਂ ਦੀ ਇਸ ਪਿਆਸ ਨੂੰ ਖ਼ਤਮ ਕਰਨ ਦੇ ਸਾਧਨ ਵੀ ਪੈਦਾ ਕਰੇ ।

ਅਲ ਜਜ਼ਾਇਰ ਦੇ ਅਹਮਦੀਆਂ ਦੀਆਂ ਔਕੁੜਾਂ ਵੀ ਦੂਰ ਫ਼ਰਮਾਏ, ਉਹਨਾਂ ਵਿੱਚ ਵੀ ਕਈਆਂ ਉਪੱਰ ਗ਼ਲਤ ਮੁਕਦੱਮੇ ਹਨ ਜੋ ਜੇਲਾਂ ਵਿੱਚ ਇਸ ਸਮੇਂ ਕੈਦੀ ਬਣੇ ਹੋਏ ਹਨ । ਜੇਲਾਂ ਵਿਚ ਉਹਨਾਂ ਨੂੰ ਰੱਖਿਆ ਹੋਇਆ ਹੈ । ਰੱਬ ਉਹਨਾਂ ਦੀ ਰਿਹਾਈ ਦੇ ਸਾਧਨ ਜੁਟਾਏ । ਦੁਸ਼ਮਣ ਜੱਦ ਵਧੀਕੀਆਂ ਅਤੇ ਅਤਿਆਚਾਰੀ ਹਰਕਤਾਂ ਵਿੱਚ ਵੱਧ ਰਿਹਾ ਹੈ ਤਾਂ ਸਾਨੂੰ ਵੀ ਆਪਣੀਆਂ ਹਾਲਤਾਂ ਨੂੰ ਰੱਬ ਦੀ ਰਜ਼ਾ ਅਨੁਸਾਰ ਢਾਲਦਿਆਂ ਹੋਇਆਂ ਦੁਆਵਾਂ ਉਪੱਰ ਬਹੁਤਾ ਜ਼ੋਰ ਦੇਣ ਦੀ ਲੋੜ ਹੈ । ਅਲੱਾਹ ਤਆਲਾ ਸਾਨੂੰ ਇਸ ਦੀ ਤੌਫ਼ੀਕ ਪ੍ਰਦਾਨ ਕਰੇ ।

**Khulasa Khutba Jumma 30.12.2016**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131